© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040322

Volume 4, Issue 3| July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.22

| DOI | Received Date | Accepted Date | Published Date |
|---|---|---|---|
| 10.64119/armaan.vol.4.issue3.22 | August 10, 2026 | August 31, 2026 | September 05, 2026 |

ਖੋਜ ਪੇਪਰ (Research Article)

# ਗਦਰ ਪਾਰਟੀ ਦਾ ਇਤਿਹਾਸਕ ਸਫ਼ਰ, ਸਥਾਪਨਾ ਤੇ ਸੰਘਰਸ਼

## Gadar Party da Itihasak Safar, Sathapna ate Sangarsh

**ਡਾ. ਗੁਰਜਿੰਦਰ ਕੌਰ (Dr. Gurjinder Kaur)**

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ (Assistant Professor, Punjabi)

ਗੁਰੂ ਨਾਨਕ ਗਰਲਜ਼ ਕਾਲਜ, ਯਮੁਨਾਨਗਰ (ਹਰਿਆਣਾ)-135100

ORCID: 0009-0001-9139-2681

*E-Mail: kaurgurjindergng@gmail.com*

### ਸਾਰ (Abstract)

*ਹੱਥਲੇ ਖੋਜ-ਪੱਤਰ ਵਿੱਚ ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ ਪ੍ਰਵਾਸੀ ਭਾਰਤੀਆਂ ਦੇ ਯੋਗਦਾਨ ਦੇ ਸੰਦਰਭ ਵਿੱਚ 'ਗ਼ਦਰ ਪਾਰਟੀ' ਦੀ ਸਥਾਪਨਾ ਅਤੇ ਭੂਮਿਕਾ ਦਾ ਅਧਿਐਨ ਕੀਤਾ ਗਿਆ ਹੈ। ਇਸ ਅਧਿਐਨ ਦਾ ਮੁੱਖ ਉਦੇਸ਼ ਇਹ ਸਮਝਣਾ ਹੈ ਕਿ ਕਿਵੇਂ ਗ਼ਦਰ ਲਹਿਰ ਨੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀ ਭਾਈਚਾਰੇ ਨੂੰ ਆਜ਼ਾਦੀ ਲਈ ਜਾਗਰੂਕ ਕੀਤਾ ਅਤੇ ਆਪਸੀ ਫ਼ਿਰਕੂ ਸਦਭਾਵਨਾ ਤੇ ਕੌਮੀ ਏਕਤਾ ਦੀ ਇੱਕ ਵਿਲੱਖਣ ਮਿਸਾਲ ਕਾਇਮ ਕੀਤੀ। ਖੋਜ ਕਾਰਜ ਲਈ ਇਤਿਹਾਸਕ ਅਤੇ ਵਰਣਨਾਤਮਕ ਅਧਿਐਨ ਵਿਧੀਆਂ ਦਾ ਸਹਾਰਾ ਲਿਆ ਗਿਆ ਹੈ। ਅਧਿਐਨ ਦੇ ਨਤੀਜੇ ਦਰਸਾਉਂਦੇ ਹਨ ਕਿ ਗ਼ਦਰ ਪਾਰਟੀ ਦੀ ਸਥਾਪਨਾ, ਵਿਚਾਰਧਾਰਾ ਅਤੇ ਇਤਿਹਾਸਕ ਸੰਘਰਸ਼ ਨੇ ਭਾਰਤੀਆਂ ਦੇ ਮਨਾਂ ਵਿੱਚ ਰਾਸ਼ਟਰੀ ਚੇਤਨਾ ਨੂੰ ਪ੍ਰਚੰਡ ਕਰਦਿਆਂ ਭਾਰਤੀ ਸੁਤੰਤਰਤਾ ਸੰਗਰਾਮ ਨੂੰ ਇੱਕ ਨਵੀਂ ਦਿਸ਼ਾ ਅਤੇ ਗਤੀ ਪ੍ਰਦਾਨ ਕੀਤੀ।*

### ਮੁੱਖ-ਸ਼ਬਦ (Keywords)

*ਗ਼ਦਰ ਪਾਰਟੀ, ਪ੍ਰਵਾਸੀ ਭਾਰਤੀ, ਭਾਰਤੀ ਆਜ਼ਾਦੀ ਸੰਗਰਾਮ, ਰਾਸ਼ਟਰੀ ਚੇਤਨਾ, ਫ਼ਿਰਕੂ ਸਦਭਾਵਨਾ।*

ਗਦਰ ਪਾਰਟੀ ਲਹਿਰ ਪੰਜਾਬੀਆਂ ਦੀ ਸਭ ਤੋਂ ਪਹਿਲੀ ਗੈਰ-ਮਜ਼ਹਬੀ ਅਤੇ ਗੈਰ ਫਿਰਕੂ ਇਨਕਲਾਬੀ ਲਹਿਰ ਸੀ। ਇਸ ਲਹਿਰ ਨੇ ਪੰਚਾਇਤੀ ਕੌਮੀ ਰਾਜ ਦਾ ਨਿਸ਼ਾਨਾ ਸਪੱਸ਼ਟ ਰੂਪ ਵਿਚ ਅਪਣਾਇਆ ਭਾਵ ਗਦਰ ਲਹਿਰ ਦਾ ਮਕਸਦ ਸਿਰਫ਼ ਅੰਗਰੇਜ਼ਾਂ ਨੂੰ ਭਾਰਤ ਤੋਂ ਕੱਢਣਾ ਨਹੀਂ ਸੀ, ਸਗੋਂ ਇਕ ਅਜਿਹਾ ਸੁਤੰਤਰ ਭਾਰਤ ਬਣਾਉਣਾ ਵੀ ਸੀ ਜਿੱਥੇ ਹਰ ਧਰਮ, ਜਾਤ ਅਤੇ ਵਰਗ ਦੇ ਲੋਕ ਬਰਾਬਰ ਹੋਣ ਅਤੇ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਦੀ ਹਕੂਮਤ ਹੋਵੇ।

> *"ਅੰਗਰੇਜੀ ਸਰਕਾਰ ਦੀ ਹਕੂਮਤ ਵੇਲੇ ਅਜਿਹਾ ਸਮਾਂ ਸੀ ਕਿ ਭਾਰਤ ਵਿਚ ਥਾਂ-ਥਾਂ ਤੇ ਆਜ਼ਾਦੀ ਲਈ ਬਗਾਵਤ ਕੀਤੀ ਜਾ ਰਹੀ ਸੀ ਇਹ ਆਜ਼ਾਦੀ ਕਿਤੇ ਲਹਿਰਾਂ ਦੇ ਰੂਪ ਵਿਚ ਅਤੇ ਕਿਤੇ ਸੰਗਠਨਾਂ ਦੇ ਰੂਪ ਵਿਚ ਹੋਂਦ ਗ੍ਰਹਿਣ ਕਰਦੀ ਹੈ। ਹਰ ਲਹਿਰ ਦਾ ਆਪੋ-ਆਪਣਾ ਢੰਗ ਸੀ ਅਤੇ ਗਦਰ ਲਹਿਰ ਦਾ ਆਪਣਾ ਢੰਗ/ਤਰੀਕਾ ਸੀ, ਜਿਸਦੀ ਆਪਣੀ ਵਿਚਾਰਧਾਰਾ, ਅੰਤਰਰਾਸ਼ਟਰੀ ਪਹੁੰਚ ਅਤੇ ਕ੍ਰਾਂਤੀਕਾਰੀ ਰੂਪ ਕਰਕੇ ਇਹ ਵਿਲੱਖਣ ਮੰਨੀ ਜਾਂਦੀ ਹੈ। ਉਸ ਸਮੇਂ ਦੀਆਂ ਪ੍ਰਮੁੱਖ ਲਹਿਰਾਂ ਤੇ ਸੰਸਥਾਵਾਂ ਵਿਚ ਭਾਰਤੀ ਰਾਸ਼ਟਰੀ ਕਾਂਗਰਸ (1885), ਬੰਗਾਲ ਵਿਚ ਅਨੁਸ਼ੀਲਨ ਸਮੀਤੀ, ਵੀਰ ਸਾਵਰਕਰ ਦੁਆਰਾ ਸਥਾਪਿਤ ਅਭਿਨਵ ਭਾਰਤ (1904) ਹੋਮ ਰੂਲ ਲਹਿਰ (1916) ਦੇ ਰੂਪ ਵਿਚ ਆਜ਼ਾਦੀ ਦਾ ਨਾਅਰਾ ਦਿੰਦੀਆਂ ਹਨ ਪਰ ਗਦਰ ਲਹਿਰ ਦਾ ਸਥਾਨ ਇਸ ਲਈ ਵੱਖਰਾ ਹੈ ਕਿ ਇਸਨੇ ਵਿਦੇਸ਼ੀ ਧਰਤੀ ਤੋਂ ਪੂਰਨ ਆਜ਼ਾਦੀ ਦਾ ਨਾਅਰਾ ਦਿੱਤਾ।"[1]*

20ਵੀਂ ਸਦੀ ਦੇ ਆਰੰਭ ਤੋਂ ਹੀ ਪੰਜਾਬ ਦੇ ਹਜਾਰਾਂ ਜੱਟ ਸਿੱਖ ਰੋਜੀ ਕਮਾਉਣ ਦੀ ਖਾਤਰ ਕੈਨੇਡਾ ਅਤੇ ਅਮਰੀਕਾ ਜਾਣ ਲੱਗ ਪਏ। ਪੰਜਾਬ ਵਿਚ ਸਿੰਚਾਈ ਦੇ ਨਵੇਂ ਵਸੀਲਿਆਂ ਖਾਸ ਕਰਕੇ ਨਹਿਰਾਂ ਅਤੇ ਅਨਾਜ਼ ਦੀ ਕੌਮਾਂਤਰੀ ਮੰਗ ਨੇ ਖੁਸ਼ਹਾਲੀ ਦਾ ਸਮਾਂ ਤਾਂ ਲਿਆਂਦਾ ਪਰ ਪੰਜਾਬੀ ਜੱਟ ਕਿਸਾਨ ਅਜੇ ਵੀ ਪੀੜ੍ਹੀ ਦਰ ਪੀੜ੍ਹੀ ਤੁਰੇ ਆਉਂਦੇ ਕਰਜੇ ਹੇਠ ਦੱਬਿਆ ਹੋਇਆ ਸੀ ਅਤੇ ਇਹ ਕਰਜਾ ਛੋਟੀ ਜਿਹੀ ਵਾਹੀ ਨਾਲ ਤੇ ਕਾਬੂ ਵਿਚ ਆਉਣ ਵਾਲਾ ਨਹੀਂ ਸੀ। ਇਸ ਲਈ ਪੰਜਾਬੀ ਜੱਟ ਖੇਤੀ ਤੋਂ

ਵੱਖ ਕੁਝ ਕਰਕੇ ਇਹਨਾਂ ਬੰਧਨਾਂ ਤੋਂ ਮੁਕਤ ਹੋਣਾ ਚਾਹੁੰਦੇ ਸਨ। ਪਰ ਪੰਜਾਬੀ ਜੱਟ ਕਿਸਾਨ ਆਪਣੀ ਜਾਤੀ ਅਭਿਮਾਨ ਦੇ ਕਾਰਨ ਹੌਰਨਾਂ ਪੇਂਡੂ ਜਾਤੀਆਂ ਵਾਂਗ ਆਪਣੇ ਆਲੇ-ਦੁਆਲੇ ਦੇ ਜਾਣ-ਪਛਾਣ ਵਾਲੇ ਇਲਾਕੇ ਵਿਚ ਛੋਟ-ਮੋਟੇ ਕੰਮ ਕਰਨ ਵਿਚ ਸ਼ਰਮ ਮਹਿਸੂਸ ਕਰਦੇ ਸਨ ਅਤੇ ਇਸਦੀ ਥਾਂ ਦੂਰ ਜਾ ਕੇ ਕੰਮ ਕਰਨ ਨੂੰ ਤਰਜੀਹ ਦਿੰਦੇ ਸਨ। ਆਪਣੀ ਕਰੜੀ ਮਿਹਨਤ ਨਾਲ ਇਹਨਾਂ ਵਿਚੋਂ ਬਹੁਤੇ ਪੰਜਾਬੀ ਕਿਸਾਨ ਬਹੁਤ ਸੋਖੇ ਹੋ ਗਏ ਅਤੇ ਉਹਨਾਂ ਨੇ ਵੱਡੀਆਂ-ਵੱਡੀਆਂ ਜਾਇਦਾਦਾਂ ਕੈਨੇਡਾ ਤੇ ਅਮਰੀਕਾ ਵਿਚ ਬਣਾ ਲਈਆਂ ਪਰੰਤੂ ਧਨਵਾਨ ਤੇ ਖੁਸ਼ਹਾਲ ਹੋਣ ਦੇ ਬਾਵਜੂਦ ਵੀ ਭਾਰਤੀ ਲੋਕਾਂ ਦਾ ਪਰਵਾਸੀ ਦੇਸ਼ਾਂ ਦੇ ਸਮਾਜ ਵਿਚ ਕੋਈ ਸਤਿਕਾਰ ਨਹੀਂ ਸੀ।

> *"ਭਾਰਤੀਆਂ ਨੂੰ ਉਹਨਾਂ ਦੀ ਪੋਸ਼ਾਕ, ਰਹਿਣੀ-ਬਹਿਣੀ ਅਤੇ ਅਨਪੜ੍ਹਤਾ ਬਾਰੇ ਟਿਪਣੀਆਂ ਕੀਤੀਆਂ ਜਾਂਦੀਆਂ ਸਨ ਪਰ ਇਹਨਾਂ ਛੁੱਟ-ਪੁੱਟ ਗੱਲਾਂ 'ਤੇ ਕੀਤੀ ਗਈ ਫੁਚਰਬਾਜੀ ਦਾ ਇੰਨਾਂ ਅਸਰ ਨਹੀਂ ਹੋਇਆ ਜਿੰਨਾਂ ਉਹਨਾਂ ਦੀ ਗੁਲਾਮੀ ਬਾਰੇ ਕੀਤੀ ਜਾਂਦੀ ਫੁਚਰਬਾਜੀ ਦਾ ਹੋਇਆ। ਅਮਰੀਕਨ ਭਾਰਤੀਆਂ ਨੂੰ ਗੁਲਾਮ ਹੋਣ ਦੇ ਅਹਿਸਾਸ ਨੂੰ ਡੂੰਘਾ ਕਰਵਾਉਣ ਲਈ ਪੁੱਛਦੇ ਕਿ ਤੁਹਾਡਾ ਝੰਡਾ ਕਿਹੜਾ ਹੈ?"*[2]

ਸੁਤੰਤਰ ਦੇਸ਼ਾਂ ਦੀ ਆਬੋ ਹਵਾ ਦੇਖ ਕੇ ਭਾਰਤੀ ਪਰਵਾਸੀਆਂ ਨੂੰ ਆਜ਼ਾਦੀ ਦੀਆਂ ਬਰਕਤਾਂ ਤੇ ਸੁਖਾਂ ਦਾ ਅਹਿਸਾਸ ਹੋ ਗਿਆ। ਉਹਨਾਂ ਦੇ ਅੰਦਰ ਆਜ਼ਾਦੀ ਤੇ ਦੇਸ਼-ਭਗਤੀ ਦਾ ਸੁੱਤਾ ਹੋਇਆ ਜਜ਼ਬਾ ਜਾਗ ਪਿਆ ਅਤੇ ਦੇਸ਼ ਨੂੰ ਸੁਤੰਤਰ ਕਰਵਾਉਣ ਲਈ ਸੰਕਲਪ ਕਰਕੇ ਉਹਨਾਂ ਨੇ 1913 ਵਿਚ ਕੈਨੇਡਾ ਅਤੇ ਅਮਰੀਕਾ ਵਿਚ ਗਦਰ ਪਾਰਟੀ ਕਾਇਮ ਕੀਤੀ। ਵਿਦੇਸ਼ਾ ਵਿਚ ਰਹਿੰਦਿਆਂ ਪੰਜਾਬੀਆਂ ਦੀ ਕਾਇਆ ਪਲਟ ਹੋਈ ਤੇ ਆਪਣੇ ਦੇਸ਼ ਦੀ ਗੁਲਾਮੀ ਅਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਡੂੰਘੇ ਜਜ਼ਬੇ ਨੇ ਕਿਵੇਂ ਸਹੀ ਅਰਥਾਂ ਵਿਚ ਉਹਨਾਂ ਦੇ ਦਿਲ ਤੇ ਦਿਮਾਗ ਉੱਤੇ ਕਬਜਾ ਕਰ ਲਿਆ ਅਤੇ ਉਹਨਾਂ ਦੇ ਮਨ ਵਿਚ ਇਨਕਲਾਬੀ ਬਾਰੂਦ ਤਿਆਰ ਹੋਇਆ ਇਹ ਕਾਬੀਲੇ ਤਾਰੀਫ਼ ਹੈ।

ਵਿਦੇਸ਼ ਵਿਚ ਗਦਰ ਪਾਰਟੀ ਦੀਆਂ ਸਰਗਰਮੀਆਂ ਦਾ ਹੈਡ ਕੁਆਟਰ ਕੈਲੀਫੋਰਨੀਆ ਵਿਚ ਬਣਾਇਆ ਗਿਆ। ਬਾਬਾ ਮੋਹਨ ਸਿੰਘ ਭਕਨਾ ਤੇ ਲਾਲਾ ਹਰਦਿਆਲ ਇਸ ਸੰਸਥਾ ਦੇ ਪਹਿਲੇ ਪ੍ਰਧਾਨ ਅਤੇ ਜਨਰਲ ਸਕੱਤਰ ਸਨ। 21 ਅਪ੍ਰੈਲ 1913 ਵਿਚ ਗਦਰ ਪਾਰਟੀ ਦੀ ਸਥਾਪਨਾ ਤੋਂ ਬਾਅਦ ਲਾਲਾ ਹਰਦਿਆਲ ਦੀ ਅਗਵਾਈ ਹੈ ਇਸ ਲਹਿਰ ਦੀਆਂ ਸਰਗਰਮੀਆਂ ਅੱਗੇ ਵਧੀਆਂ। ਲਾਲਾ ਹਰਦਿਆਲ ਦਾ ਕੁਰਬਾਨੀ ਭਰਿਆ ਜਜ਼ਬਾ, ਉੱਚ ਆਚਰਣ ਅਤੇ ਦੇਸ਼-ਪ੍ਰੇਮ ਗਦਰੀ ਸੰਗਠਨ ਦੇ ਹਰ ਮੈਂਬਰ ਲਈ ਪ੍ਰੇਰਣਾ ਦਾ ਸਰੋਤ ਸੀ ਅਤੇ ਉਹਨਾਂ ਦੀ ਸਖ਼ਸੀਅਤ ਦਾ ਗਦਰ-ਲਹਿਰ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਸੀ। ਇਸ ਲਹਿਰ ਵਿਚ ਸਿੱਖਾਂ ਦੀ ਬਹੁ-ਗਿਣਤੀ ਸੀ ਪਰੰਤੂ ਫਿਰ ਵੀ ਇਸਦੀ ਰੂਪ-ਰੇਖਾ ਗੈਰ ਫਿਰਕੂ ਰੱਖੀ ਗਈ। ਇਸ ਪਾਰਟੀ ਦਾ ਮਨੋਰਥ ਭਾਰਤੀ ਲੋਕਾਂ ਦੇ ਮਨ ਅੰਦਰ ਇਨਕਲਾਬ ਲਿਆਉਣਾ ਸੀ ਅਤੇ ਹਥਿਆਰ-ਬੰਦ ਬਗਾਵਤ ਕਰਵਾ ਕੇ ਹਿੰਦੁਸਤਾਨ ਵਿਚ ਗੈਰ-ਫਿਰਕੂ ਪਰਜਾਤੰਤਰ ਕਾਇਮ ਕਰਨਾ ਸੀ।

ਇਸ ਸੰਦਰਭ ਵਿਚ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦਾ ਵਿਸ਼ੇਸ਼ ਜ਼ਿਕਰ ਕਰਨਾ ਲਾਜਮੀ ਹੈ। ਉਹਨਾਂ ਨੇ ਅਮਰੀਕਾ ਦੇ ਨਾਲ-ਨਾਲ ਕੈਨੇਡਾ ਵਿਚ ਵੱਸਦੇ ਭਾਰਤੀਆਂ ਨੂੰ ਗਦਰ ਲਹਿਰ ਨਾਲ ਜੋੜਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਗਦਰੀ ਆਗੂਆਂ ਦਾ ਵਿਸ਼ਵਾਸ ਸੀ ਕਿ ਭਾਰਤ ਦੇ ਅੰਦਰੂਨੀ ਵਿਦਰੋਹ ਨੂੰ ਬਾਹਰੀ ਦੇਸ਼ਾਂ ਦੇ ਸਹਿਯੋਗ ਨਾਲ ਜੋੜਕੇ ਅੰਗਰੇਜੀ ਰਾਜ ਵਿਰੁੱਧ ਇਕ ਪ੍ਰਭਾਵਸ਼ਾਲੀ ਕ੍ਰਾਂਤੀ ਪੈਦਾ ਕੀਤੀ ਜਾ ਸਕਦੀ ਹੈ। ਗਦਰ ਪਾਰਟੀ ਦੇ ਸੰਗਠਨ ਅਮਰੀਕਾ ਤੇ ਕੈਨੇਡਾ ਤੋਂ ਛੁੱਟ ਚੀਨ, ਫਿਲੀਪੀਨਜ਼, ਅਫ਼ਗਾਨੀਸਤਾਨ ਦੇ ਉੱਤਰੀ-ਪੱਛਮੀ ਸਰਹੱਦੀ ਖੇਤਰਾਂ ਅਤੇ ਥਾਈਲੈਂਡ, ਸਿੰਗਾਪੁਰ ਆਦਿ ਦੇਸ਼ਾਂ ਵਿਚ ਵੀ ਸਥਾਪਿਤ ਕੀਤੇ ਗਏ। ਗਦਰ ਪਾਰਟੀ ਨੂੰ ਜਥੇਬੰਦ ਕਰਨ ਲਈ ਵੱਡੇ ਪੱਧਰ ਤੇ ਮੀਟਿੰਗਾਂ, ਜਲਸੇ ਅਤੇ ਪ੍ਰਚਾਰ ਮੁਹਿੰਮਾ ਚਲਾਈਆਂ ਗਈਆਂ। ਬਰਤਾਨਵੀ ਸਾਮਰਾਜ ਜਰਮਨੀ ਦਾ ਪ੍ਰਮੁੱਖ ਵਿਰੋਧੀ ਸੀ, ਇਸ ਲਈ ਗਦਰ ਪਾਰਟੀ ਵਲੋਂ ਜਰਮਨੀ ਨਾਲ ਸੰਪਰਕ ਅਤੇ ਸਹਿਯੋਗ ਸਥਾਪਿਤ ਕਰਨ ਦੀ ਕੋਸ਼ਿਸ਼ ਇਤਿਹਾਸਕ ਅਤੇ ਰਾਜਨੀਤਕ ਪੱਖੋਂ ਇਕ ਕੁਦਰਤੀ ਰਣਨੀਤੀ ਵਜੋਂ ਸਾਹਮਣੇ ਆਈ। ਹਥਿਆਰ ਲੈਣ ਲਈ ਗਦਰੀ ਇਨਕਲਾਬੀਆਂ ਨੇ ਅਮਰੀਕਾ ਤੇ ਕੈਨੇਡਾ ਵਿਚ ਆਪਣੇ ਤਾਰ ਜੋੜ ਕੇ ਰੱਖੇ। ਅੰਗਰੇਜ਼ਾਂ ਦੀ ਕਰੜੀ ਨਿਗਰਾਨੀ ਰਹਿਣ ਤੋਂ ਬਾਅਦ ਵੀ ਹਥਿਆਰ ਇੱਧਰ ਤੋਂ ਓਧਰ ਪਹੰਚਾਏ ਗਏ।

> *"ਸ੍ਰੀ ਸੋਹਨ ਸਿੰਘ ਭਕਨਾ ਨੇ 100 ਪਿਸਤੋਲ ਕਾਮਾਗਾਟਾਮਾਰੂ ਜਹਾਜ ਦੇ ਲੀਡਰਾਂ ਨੂੰ ਵੀ ਪਹੁੰਚਾਏ। ਭਾਰਤ ਵਿਚ ਗਦਰੀ ਕਾਰਵਾਈਆਂ ਦੀ ਪਹਿਲ ਸੰਘਾਈ ਤੋਂ ਆਏ ਜੱਥੇ ਨੇ ਸ੍ਰੀ ਗੁਜਰ ਸਿੰਘ ਭਕਨਾ ਦੀ ਅਗਵਾਈ ਹੇ ਕੀਤੀ। ਇਸ ਤਰ੍ਹਾਂ ਹਿੰਦ ਵਿਚ ਗਦਰੀ ਇਨਕਲਾਬੀਆਂ ਦੀਆਂ ਕਾਰਵਾਈਆਂ ਦਾ ਪਹਿਲਾ ਦੌਰ ਦਿਸੰਬਰ 1914 ਦੇ ਅਖੀਰ ਤੱਕ ਰਿਹਾ।"*[3]

ਗਦਰ ਪਾਰਟੀ ਦੀ ਲਹਿਰ ਸੰਪ੍ਰਦਾਇਕ ਸਦਭਾਵਨਾ ਅਤੇ ਰਾਸ਼ਟਰੀ ਏਕਤਾ ਦੀ ਇਕ ਵਿਲੱਖਣ ਮਿਸਾਲ ਸੀ। ਇਸ ਲਹਿਰ ਨੂੰ ਕਿਸੇ ਇਕ ਧਰਮ ਜਾਂ ਖੇਤਰ ਤੰਕ ਸੀਮਿਤ ਨਹੀਂ ਕੀਤਾ ਜਾ ਸਕਦਾ। ਭਾਰਤ ਦੇ ਨਾਲ-ਨਾਲ ਅਮਰੀਕਾ ਵਿਚ ਵਸਦੇ ਹਿੰਦੂ, ਮੁਸਲਮਾਨ ਅਤੇ ਭਾਰਤ ਦੇ ਵੱਖ-ਵੱਖ ਸੂਬਿਆਂ ਨਾਲ ਸੰਬੰਧਿਤ ਲੋਕਾਂ ਨੇ ਵੀ ਇਸ ਵਿਚ ਸਰਗਰਮ ਭੂਮਿਕਾ ਨਿਭਾਈ। ਮੌਲਵੀ ਬਰਕਤੁੱਲਾ ਗਦਰ ਪਾਰਟੀ ਦੇ ਪ੍ਰਮੁੱਖ ਆਗੂਆਂ ਵਿਚੋਂ ਇਕ ਸਨ ਜੋ ਇਸ ਲਹਿਰ ਦੀ ਧਰਮ-ਨਿਰਪੱਖ ਅਤੇ ਸੰਪ੍ਰਦਾਇਕ ਸੋਚ ਦਾ ਪ੍ਰਤੀਕ ਸਨ।

> *"ਗਦਰ ਪਾਰਟੀ ਕਾਇਮ ਕਰਨ ਤੋਂ ਪਿੱਛੋਂ ਅਗਲਾ ਕਦਮ ਗਦਰ ਅਖਬਾਰ ਕਾਇਮ ਕਰਨਾ ਸੀ। ਇਸ ਅਖਬਾਰ ਦਾ ਪਹਿਲਾ ਪਰਚਾ ਪਹਿਲੀ ਨਵੰਬਰ 1913 ਨੂੰ ਛੱਪਿਆ। ਜਿਸ ਦਿਨ ਗਦਰ ਪਾਰਟੀ ਕਾਇਮ ਉਸੇ ਦਿਨ ਤੋਂ ਲਾਲਾ ਹਰਿਦਿਆਲ ਨੇ ਗਦਰ ਅਖਬਾਰ ਪ੍ਰਕਾਸ਼ਿਤ ਕਰਨ ਦਾ ਫੈਸਲਾ ਕੀਤਾ।"*[4]

ਇਸ ਨੂੰ ਪ੍ਰਕਾਸ਼ਿਤ ਕਰਨ ਦਾ ਮੁੱਖ ਉਦੇਸ਼ ਭਾਰਤੀਆਂ ਵਿਚ ਆਜ਼ਾਦੀ ਦੀ ਚੇਤਨਾ ਜਗਾਉਣ ਅਤੇ ਬਰਤਾਨਵੀ ਰਾਜ ਵਿਰੁੱਧ ਸੰਘਰਸ਼ ਪੈਦਾ ਕਰਨਾ ਸੀ। ਗਦਰ ਅਖਬਾਰ ਦੇ ਪ੍ਰਕਾਸ਼ਨ ਵਿੰਚ ਕਰਤਾਰ ਸਿੰਘ ਸਰਾਭਾ ਦਾ ਯੋਗਦਾਨ ਵਿਸ਼ੇਸ਼ ਤੌਰ 'ਤੇ ਯਾਦਗਾਰ ਹੈ। ਉਹ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਅਮਰੀਕਾ ਗਿਆ ਅਤੇ ਗਦਰ ਪਾਰਟੀ ਦੀ ਸਥਾਪਨਾ ਅਤੇ ਅਖਬਾਰ ਜਾਰੀ ਕਰਨ ਦੇ ਫੈਸਲੇ ਤੋਂ ਪ੍ਰਭਾਵਿਤ ਹੋ ਕੇ ਆਪਣੀ ਪੜ੍ਹਾਈ ਛੱਡ ਦਿੱਤੀ ਅਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਦੇਸ਼ ਦੀ ਆਜ਼ਾਦੀ ਦੇ ਕਾਰਜ ਲਈ ਸਮਰਪਿਤ ਕਰ ਦਿੱਤਾ।

> *"ਲਾਲਾ ਹਰਦਿਆਲ, ਸੋਹਣ ਸਿੰਘ ਭਕਨਾ ਅਤੇ ਹੋਰ ਆਗੂਆਂ ਨੇ ਅਖਬਾਰ ਦੇ ਸੰਚਾਲਕ ਅਤੇ ਵਿਚਾਰਧਾਰਕ ਅਗਵਾਈ ਦੀ ਜ਼ਿੰਮੇਵਾਰੀ ਨਿਭਾਈ, ਉੱਥੇ ਕਰਤਾਰ ਸਿੰਘ ਸਰਾਭਾ ਨੇ ਆਰਥਿਕ ਅਤੇ ਵਿਹਾਰਕ ਪੱਧਰ ਤੇ ਮਹੱਤਵਪੂਰਨ*

*ਯੋਗਦਾਨ ਦਿੱਤਾ। ਆਪਣੀ ਪੜ੍ਹਾਈ ਲਈ ਘਰ ਤੋਂ ਮੰਗਵਾਏ ਦੋ ਸੋ ਡਾਲਰ ਵੀ ਗਦਰ ਅਖਬਾਰ ਦੇ ਪ੍ਰਬੰਧ ਅਤੇ ਪ੍ਰਕਾਸ਼ਨ ਵਿਚ ਖਰਚ ਕਰ ਦਿੱਤੇ।"*[5]

ਇਸ ਤਰ੍ਹਾਂ ਕਰਤਾਰ ਸਿੰਘ ਸਰਾਭਾ ਨੇ ਆਪਣੀ ਨੌਜੁਆਨੀ, ਸਿੱਖਿਆ ਅਤੇ ਨਿੱਜੀ ਸੁਵਿਧਾਵਾਂ ਨੂੰ ਕੌਮੀ ਆਜ਼ਾਦੀ ਦੇ ਉਦੇਸ਼ ਲਈ ਕੁਰਬਾਨ ਕਰਕੇ ਇਕ ਅਮਿਟ ਮਿਸਾਲ ਕਾਇਮ ਕੀਤੀ। ਸ਼ੁਰੂਆਤੀ ਦੌਰ ਵਿਚ ਗਦਰ ਅਖਬਾਰ ਦੇ ਪਰਚੇ ਉਰਦੂ ਭਾਸ਼ਾ ਵਿਚ ਪ੍ਰਕਾਸ਼ਿਤ ਕੀਤੇ ਗਏ। ਉਸ ਤੋਂ ਬਾਅਦ ਗੁਰਮੁਖੀ ਅਤੇ ਸਮੇਂ ਦੇ ਨਾਲ-ਨਾਲ ਚਾਰ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਲੱਗਾ। ਇਹ ਇਕ ਹਫ਼ਤਾਵਾਰੀ ਅਖਬਾਰ ਸੀ ਜੋ ਮਿੱਥੇ ਸਮੇਂ ਤੇ ਪ੍ਰਕਾਸ਼ਿਤ ਹੁੰਦਾ ਅਤੇ ਗਦਰੀ ਬਾਬਿਆਂ ਦਾ ਸੰਦੇਸ਼ ਸਫ਼ਲਤਾਪੂਰਵਕ ਵੱਖ-ਵੱਖ ਵਰਗਾਂ ਤੱਕ ਪਹੁੰਚਾਉਂਦਾ। ਗਦਰ ਅਖਬਾਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਨਿਡਰ ਅਤੇ ਸਪੱਸ਼ਟ ਭਾਸ਼ਾ ਸੀ। ਸਪੱਸ਼ਟ ਸ਼ਬਦਾਂ ਵਿਚ ਇਸ ਅਖਬਾਰ ਵਿਚ ਬਰਤਾਨਵੀ ਸਾਮਰਾਜ ਦੀ ਆਲੋਚਨਾ ਕੀਤੀ ਗਈ ਹੁੰਦੀ ਅਤੇ ਭਾਰਤ ਦੀ ਆਜ਼ਾਦੀ ਲਈ ਹਥਿਆਰਬੰਦ ਕ੍ਰਾਂਤੀ ਦਾ ਪ੍ਰਚਾਰ ਇਸ ਵਿਚ ਨਿਯਮਿਤ ਖਬਰਾਂ ਰਾਹੀਂ ਕੀਤਾ ਜਾਂਦਾ। ਗਦਰ ਅਖਬਾਰ ਦਾ ਮੁੱਖ ਉਦੇਸ਼ ਭਾਰਤੀ ਲੋਕਾਂ ਵਿਚ ਗੁਲਾਮੀ ਵਿਰੁੱਧ ਜਾਗਰੂਕਤਾ ਪੈਦਾ ਕਰਕੇ, ਰਾਸ਼ਟਰੀ ਚੇਤਨਾ ਨੂੰ ਮਜਬੂਤ ਕਰਨਾ ਹੁੰਦਾ ਸੀ।

ਗਦਰ ਲਹਿਰ ਦੇ ਵੱਧਦੇ ਪ੍ਰਭਾਵ ਨੂੰ ਦੇਖ ਕੇ ਇਸ ਦੇ ਮੁੱਖ ਸੰਚਾਲਕ ਲਾਲਾ ਹਰਦਿਆਲ ਨੂੰ ਅਮਰੀਕੀ ਸਰਕਾਰ ਨੇ ਦੇਸ਼ ਛੱਡਣ ਦਾ ਹੁਕਮ ਦੇ ਦਿੱਤਾ ਅਤੇ ਉਹਨਾਂ ਨੂੰ ਇਹ ਦੇਸ਼ ਛੱਡਣਾ ਪਿਆ। ਇਹ ਗਦਰ ਲਹਿਰ ਲਈ ਅਤੇ ਗਦਰ ਅਖਬਾਰ ਲਈ ਵੱਡੀ ਪਰਖ ਦਾ ਸਮਾਂ ਸੀ। ਕਈ ਲੋਕਾਂ ਨੂੰ ਸ਼ੰਕਾ ਸੀ ਕਿ ਲਾਲਾ ਹਰਦਿਆਲ ਦੀ ਗੈਰਹਾਜਰੀ ਵਿਚ ਇਹ ਲਹਿਰ ਕਮਜ਼ੋਰ ਪੈ ਸਕਦੀ ਹੈ, ਪਰ ਗਦਰ ਪਾਰਟੀ ਨੇ ਅਤੇ ਗਦਰ ਅਖਬਾਰ ਦੇ ਪ੍ਰਕਾਸ਼ਨ ਨੇ ਇਸ ਚੁਣੌਤੀ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਆਪਣੀਆ ਗਤੀਵਿਧੀਆਂ ਨੂੰ ਪਹਿਲਾਂ ਵਾਂਗ ਹੀ ਜਾਰੀ ਰੱਖਿਆ। ਗਦਰੀ ਅਖਬਾਰ ਦੀ ਵੱਧਦੀ ਲੋਕਪ੍ਰਿਅਤਾ ਦੇ ਕਾਰਨ, ਗਦਰ ਪਾਰਟੀ ਦੇ ਵਿਚਾਰ ਭਾਰਤ ਦੇ ਵੱਖ-ਵੱਖ ਭਾਸ਼ਾਈ ਅਤੇ ਖੇਤਰੀ ਸਮੂਹਾਂ ਤੱਕ ਪਹੁੰਚਣ ਲੱਗੇ ਅਤੇ ਲਹਿਰ ਦਾ ਪ੍ਰਭਾਵ ਹੋਰ ਵਿਸ਼ਾਲ ਹੋ ਗਿਆ।

*"ਸੋਹਨ ਸਿੰਘ ਭਕਨਾ, ਹੁਣ ਗਦਰ ਪਾਰਟੀ ਦੇ ਪ੍ਰਧਾਨ ਸਨ, ਭਾਵੇ ਉਹ ਬਹੁਤ ਜਿਆਦਾ ਰਸ਼ਮੀ ਸਿੱਖਿਆ ਪ੍ਰਾਪਤ ਨਹੀਂ ਕਰ ਸਕੇ ਪਰ ਉਹਨਾਂ ਨੂੰ ਰਾਜਨੀਤਕ ਮਸਲਿਆਂ ਦੀ ਡੂੰਘੀ ਸਮਝ ਅਤੇ ਵਿਸ਼ਾਲ ਸੂਝ-ਬੂਝ ਪ੍ਰਾਪਤ ਸੀ। ਉਹਨਾਂ ਦੀ ਦੂਰਅੰਦੇਸ਼ੀ, ਸੰਗਠਨਾਤਮਕ ਯੋਗਦਾ ਅਤੇ ਦੇਸ਼-ਪ੍ਰੇਮ ਨੇ ਗਦਰ ਲਹਿਰ ਨੂੰ ਮਜਬੂਤ ਆਧਾਰ ਪ੍ਰਦਾਨ ਕੀਤਾ।"*[6]

ਲਾਲਾ ਹਰਦਿਆਲ ਦੇ ਅਮਰੀਕਾ ਛੱਡਣ ਤੋਂ ਬਾਅਦ ਗਦਰ ਲਹਿਰ ਦੀ ਅਗਵਾਈ ਦੀ ਜਿੰਮੇਵਾਰੀ ਨੂੰ ਸੋਹਨ ਸਿੰਘ ਭਕਨਾ ਨੇ ਬਾਖੂਬੀ ਨਿਭਾਇਆ। ਉਹਨਾਂ ਨੇ ਕੈਲੀਫੋਰਨੀਆ ਅਤੇ ਹੋਰ ਖੇਤਰਾਂ ਦਾ ਦੌਰਾ ਕਰਕੇ ਦੂਰ-ਦੁਰਾਡੇ ਵਸਦੇ ਭਾਰਤੀਆ ਨੂੰ ਪਾਰਟੀ ਨਾਲ ਜੋੜਿਆ ਅਤੇ ਪਾਰਟੀ ਦੀਆਂ ਹੋਰ ਵੀ ਸ਼ਾਖਾਵਾਂ ਸਥਾਪਿਤ ਕੀਤੀ। ਇਸ ਕਾਰਜ ਨੇ ਲਹਿਰ ਦੇ ਸੰਗਠਨ ਨੂੰ ਹੋਰ ਮਜਬੂਤ ਬਣਾਇਆ ਅਤੇ ਇਸਦੇ ਪ੍ਰਭਾਵ ਨੂੰ ਵਿਸਥਾਰ ਦਿੱਤਾ।

*"ਗਦਰ ਪਾਰਟੀ ਦੇ ਮੀਤ ਪ੍ਰਧਾਨ ਕੇਸਰ ਸਿੰਘ ਠੱਠਗੜ ਦਾ ਵੀ ਅਮਰੀਕਾ ਵਿਚ ਵਸਦੇ ਸਿੱਖਾਂ ਵਿਚ ਬਹੁਤ ਪ੍ਰਭਾਵ ਤੇ ਸਤਿਕਾਰ ਸੀ। ਉਹਨਾਂ ਨੇ ਵੀ ਪਾਰਟੀ ਦੇ ਪ੍ਰਚਾਰ ਅਤੇ ਸੰਗਠਨ ਦੇ ਵਿਸਥਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸੇ ਤਰ੍ਹਾਂ ਗਦਰ ਪਾਰਟੀ ਦੇ ਇਕ ਹੋਰ ਮੀਤ ਪ੍ਰਧਾਨ ਜਵਾਲਾ ਸਿੰਘ ਵੀ, ਅਮਰੀਕਾ ਤੇ ਕੈਨੇਡਾ ਵਿਚ ਵੱਸਦੇ ਭਾਰਤੀ ਵਿਦਿਆਰਥੀਆਂ ਦੇ ਬਹੁਤ ਹਿਤੈਸ਼ੀ ਸਨ, ਉਹ ਇਹਨਾਂ ਵਿਦਿਆਰਥੀਆਂ ਨੂੰ ਵਜੀਫ਼ੇ ਅਤੇ ਆਰਥਿਕ ਸਹਾਇਤਾ ਪ੍ਰਦਾਨ ਕਰਦੇ ਸਨ।"*[7]

ਇਸ ਤਰ੍ਹਾਂ ਉਹ ਨੌਜੁਆਨਾਂ ਵਿਚ ਬਹੁਤ ਪ੍ਰਸਿੱਧ ਸਨ ਅਤੇ ਇਹ ਹੀ ਕਾਰਨ ਸੀ ਕਿ ਗਦਰ ਲਹਿਰ ਨੂੰ ਪੜ੍ਹੇ-ਲਿਖੇ ਨੌਜੁਆਨਾ ਦਾ ਸਹਿਯੋਗ ਪ੍ਰਾਪਤ ਹੋਇਆ। ਕੈਨੇਡਾ ਦੇ ਪਰਵਾਸੀ ਭਾਰਤੀਆਂ ਨੇ ਗਦਰ ਲਹਿਰ ਦੇ ਪ੍ਰਚਾਰ, ਸੰਗਠਨ ਅਤੇ ਆਰਥਿਕ ਸਹਾਹਿਤਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਸੰਦਰਭ ਵਿਚ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਅਤੇ ਹੋਰ ਸੰਬਧਿਤ ਗਦਰੀ ਆਗੂਆਂ ਦੇ ਨਾਮ ਵਿਸ਼ੇਸ਼ ਤੌਰ ਤੇ ਜਿਕਰਯੋਗ ਹਨ।

*"ਗਦਰ ਪਾਰਟੀ ਦੀ ਸਥਾਪਨਾ ਨੂੰ ਹਾਲੇ ਥੋੜ੍ਹਾ ਹੀ ਸਮਾਂ ਹੋਇਆ ਸੀ ਕਿ 1914 ਵਿਚ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ। ਗਦਰੀ ਆਗੂਆਂ ਨੇ ਇਸ ਯੁੱਧ ਨੂੰ ਬਰਤਾਨਵੀ ਰਾਜ ਵਿਰੁੱਧ ਵਿਦਰੋਹ ਲਈ ਇਕ ਸੁਨਹਿਰੀ ਮੌਕਾ ਸਮਝਿਆ ਅਤੇ ਵੱਡੀ ਗਿਣਤੀ ਵਿਚ ਭਾਰਤ ਵਾਪਸ ਆ ਕੇ ਕ੍ਰਾਂਤੀ ਦੀ ਯੋਜਨਾ ਬਣਾਈ ਪਰ ਭਾਰਤ ਵੱਲ ਆ ਰਹੇ ਬਹੁਤ ਸਾਰੇ ਗਦਰੀ ਆਗੂ ਅਤੇ ਕਾਰਕੁਨ ਤੋਸ਼ਾ-ਮਾਰੂ ਅਤੇ ਹੋਰ ਜਹਾਜਾਂ ਰਾਹੀਂ ਸਫ਼ਰ ਕਰਦੇ ਸਮੇਂ ਗ੍ਰਿਫ਼ਤਾਰ ਕਰ ਲਏ ਗਏ ਜਾਂ ਨਜ਼ਰਬੰਦ ਕਰ ਦਿੱਤੇ ਗਏ।"*[8]

ਗਦਰ ਪਾਰਟੀ ਦੇ ਕਈ ਆਗੂ ਭਾਰਤ ਪਰਤਦੇ ਸਮੇਂ ਜਹਾਜਾਂ ਉੱਤੋਂ ਦੀ ਹੀ ਭਾਰਤ ਪਹੁੰਚਣ ਤੋਂ ਪਹਿਲਾਂ ਪੰਜਾਬੀ ਗਦਰੀ ਬਾਬਿਆਂ ਨੂੰ ਦਬੋਚ ਲਿਆ ਗਿਆ ਸੀ ਤਾਂ ਬੰਗਾਲ ਦੇ ਕ੍ਰਾਂਤੀਕਾਰੀਆਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਉਹਨਾਂ ਨੇ ਭਾਰਤ ਵਿਚ ਆਜ਼ਾਦੀ ਅਤੇ ਇਨਕਲਾਬ ਦੀ ਜੋਤ ਨੂੰ ਜਗਾਈ ਰੱਖਿਆ ਅਤੇ ਕ੍ਰਾਂਤੀਕਾਰੀ ਯਤਨਾਂ ਨੂੰ ਅੱਗੇ ਵਧਾਇਆ।

*"ਇਹਨਾਂ ਬੰਗਾਲੀ ਕ੍ਰਾਂਤੀਕਾਰੀਆਂ ਵਿਚ ਸਚਿੰਦ੍ਰਨਾਥ ਸਾਨਿਆਲ ਦਾ ਨਾਂ ਪ੍ਰਮੁੱਖ ਹੈ ਜਿਹਨਾਂ ਨੇ ਉੱਤਰ ਭਾਰਤ ਵਿਚ ਕ੍ਰਾਂਤੀਕਾਰੀ ਗਤੀਵਿਧੀਆਂ ਨੂੰ ਅੱਗੇ ਵਧਾਇਆ। ਇਸ ਤੋਂ ਛੁੱਟ ਰਾਜ ਬਿਹਾਰੀ ਬੋਸ, ਜਤਿੰਦਰਨਾਥ ਮੁਖਰਜੀ, ਅਮਰੇਂਦ੍ਰਨਾਥ ਚੈਟਰਜੀ, ਰਾਸ ਬਿਹਾਰੀ ਬੋਸ ਦਾ ਵੀ ਗਦਰ ਲਹਿਰ ਨਾਲ ਡੂੰਘਾ ਸੰਬੰਧ ਸੀ।"*[9]

ਗਦਰ ਪਾਰਟੀ ਨੇ ਆਪਦੀ ਕ੍ਰਾਂਤੀਕਾਰੀ ਯੋਜਨਾਵਾਂ ਨੂੰ ਅਮਲ ਵਿਚ ਲਿਆਉਣ ਲਈ ਸ਼ੁਰੂ ਤੋਂ ਹੀ ਗਦਰੀ ਕਾਰਕੁਨਾਂ ਨੂੰ ਫੌਜੀ ਸਿਖਲਾਈ ਦਿਵਾਉਣ ਲਈ ਹਰ ਸੰਭਵ ਜਤਨ ਕੀਤੇ। ਗਦਰੀਆਂ ਨੇ ਬਰਤਾਨਵੀ ਰਾਜ ਨੂੰ ਉਖਾੜ ਸੁੱਟਣ ਲਈ ਤਨ, ਮਨ ਅਤੇ ਧਨ ਨਾਲ ਬੇਹੱਦ ਜਤਨ ਕੀਤੇ, ਪਰ ਉਸ ਸਮੇਂ ਭਾਰਤ ਦੀ ਜਨਤਾ ਅਤੇ ਖਾਸ ਕਰਕੇ ਫੌਜ ਦਾ ਵੱਡਾ ਹਿੱਸਾ ਇਨਕਲਾਬ ਲਈ ਪੂਰਾ ਤਿਆਰ ਨਹੀਂ ਸੀ। 1857 ਦੇ ਵਿਦਰੋਹ ਤੋਂ ਬਾਅਦ ਬਰਤਾਨਵੀ ਸਰਕਾਰ ਵੱਲੋਂ ਕੀਤੇ ਗਏ ਸਖ਼ਤ ਦਮਨ ਅਤੇ ਪ੍ਰਤਿਕਰਮਾਂ ਦੇ ਪ੍ਰਭਾਵ ਤੋਂ ਦੇਸ਼ ਅਜੇ ਪੂਰੀ ਤਰ੍ਹਾਂ ਉਭਰਿਆ ਨਹੀਂ ਸੀ ਕਿ ਗਦਰੀ ਲਹਿਰ ਦੇ ਆਗੂਆਂ ਦੀ ਪੂਰੀ ਸਖ਼ਤੀ ਨਾਲ ਧਰਪਕੜ ਕਰਕੇ ਇਸ ਲਹਿਰ ਦਾ ਮੂੰਹ-ਮੱਥਾ ਵਿਗਾੜ ਦਿੱਤਾ ਗਿਆ। ਵਿਦੇਸ਼ਾਂ ਤੋਂ ਵਾਪਸ ਆਏ ਪੰਜਾਬੀਆਂ ਵਿਚੋਂ ਸੈਕੜੇ ਪੰਜਾਬੀਆਂ ਨੂੰ ਜੇਲ ਵਿਚ ਡੱਕਿ ਦਿੱਤਾ ਗਿਆ ਅਤੇ ਕਈਆਂ ਨੂੰ ਪਿੰਡਾਂ ਵਿਚ

ਨਜ਼ਰਬੰਦ ਰੱਖਿਆ ਗਿਆ। ਇਹ ਵੀ ਸੱਚ ਹੈ ਕਿ ਵਿਦੇਸ਼ਾਂ ਤੋਂ ਪਰਤੇ ਸਾਰੇ ਪੰਜਾਬੀ ਗਦਰ ਪਾਰਟੀ ਲਈ ਸਰਗਰਮ ਮੈਂਬਰ ਨਹੀਂ ਸਨ ਉਹ ਕੇਵਲ ਆਜ਼ਾਦੀ ਦੀ ਭਾਵਨਾ ਕਾਰਨ ਇਹਨਾਂ ਨਾਲ ਜੁੜੇ ਹੋਏ ਸਨ।

ਗਦਰ ਪਾਰਟੀ ਦੀ ਲਹਿਰ ਸੰਪ੍ਰਦਾਇਕ ਸਦਭਾਵਨਾ ਅਤੇ ਰਾਸ਼ਟਰੀ ਏਕਤਾ ਦੀ ਇਕ ਵਿਲੱਖਣ ਮਿਸਾਲ ਸੀ, ਭਾਵੇਂ ਅਮਰੀਕਾ ਅਤੇ ਕੈਨੇਡਾ ਤੋਂ ਗਦਰ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਪੰਜਾਬੀ ਸਿੱਖ ਕਿਸਾਨਾਂ ਦੀ ਗਿਣਤੀ ਸਭ ਤੋਂ ਵੱਧ ਸੀ, ਪਰ ਇਸ ਲਹਿਰ ਨੂੰ ਕਿਸੇ ਇਕ ਧਰਮ ਜਾਂ ਖੇਤਰ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ। ਇਸਦਾ ਉਦੇਸ਼ ਭਾਰਤ ਦੇ ਸਾਰੇ ਵਰਗਾਂ ਅਤੇ ਧਰਮਾਂ ਨੂੰ ਬਰਤਾਨਵੀ ਸਾਮਰਾਜ ਵਿਰੁੱਧ ਇਕਜੁੱਟ ਕਰਨਾ ਸੀ। ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਣ ਸਮੇਂ ਅਮਰੀਕਾ ਦੀ ਗਦਰ ਪਾਰਟੀ ਅਤੇ ਬੰਗਾਲ ਦੇ ਹੋਰ ਇਨਕਲਾਬੀਆਂ ਵਿਚਕਾਰ ਕੋਈ ਵਿਸ਼ੇਸ਼ ਜਾਣ-ਪਛਾਣ ਨਹੀਂ ਸੀ। ਇਹਨਾਂ ਵਿਚ ਤਾਲਮੇਲ ਪੈਦਾ ਕਰਨ ਦਾ ਮਹੱਤਵਪੂਰਨ ਕੰਮ ਸਚਿੰਦਰ ਨਾਥ ਸਾਨਿਆਲ ਨੇ ਕੀਤਾ। ਅੰਗਰੇਜੀ ਸਰਕਾਰ ਦੀ ਕੜੀ ਨਿਗਰਾਨੀ ਦੇ ਬਾਵਜੂਦ ਵੀ ਹਥਿਆਰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਏ ਜਾਂਦੇ ਰਹੇ।

> "ਗੁਰਮੁੱਖ ਸਿੰਘ, ਸੋਹਨ ਸਿੰਘ ਭਕਨਾ, ਸਚਿੰਦਰ ਨਾਥ ਸਾਨਿਆਲ ਆਦਿ ਗਦਰੀ ਇਲਕਲਾਬੀਆਂ ਦੀ ਯੋਜਨਾ ਅਨੁਸਾਰ ਗਦਰ ਦੀ ਕੁੰਜੀ ਲਾਹੌਰ ਅਤੇ ਫਿਰੋਜਪੁਰ ਛਾਉਣੀਆਂ ਦੀਆਂ ਦੇਸੀ ਫੌਜਾਂ ਸਨ।"[10]

ਗਦਰ ਪਾਰਟੀ ਦਾ ਖਿਆਲ ਸੀ ਕਿ 1918 ਦੇ ਨੇੜੇ-ਤੇੜੇ ਜਰਮਨੀ ਤੇ ਇੰਗਲੈਂਡ ਦੇ ਵਿਚਕਾਰ ਯੁੱਧ ਛਿੜ ਜਾਏਗਾ। ਉਸ ਵੇਲੇ ਇਕ ਪਾਸੇ ਅੰਗਰੇਜ ਲੜਾਈ ਵਿਚ ਉਲਝੇ ਹੋਏ ਹੋਣਗੇ ਤੇ ਦੂਜੇ ਪਾਸੇ ਹਿੰਦੁਸਤਾਨੀਆਂ ਨੂੰ ਉਹਨਾਂ ਦੇ ਦੁਸ਼ਮਣ ਜਰਮਨੀ ਪਾਸੋਂ ਕਈ ਤਰ੍ਹਾਂ ਦੀ ਸਹਾਇਆ ਮਿਲ ਸਕੇਗੀ ਅਤੇ ਇਸ ਤਰ੍ਹਾਂ ਉਹਨਾਂ ਦੀ ਬਗਾਵਤ ਸਹਿਜੇ ਹੀ ਕਾਮਯਾਬ ਹੋ ਜਾਏਗੀ। ਇਸ ਵਿਚਕਾਰ ਦੇ ਸਮੇਂ ਪਾਰਟੀ ਨੇ ਆਪਣੀ ਤਿਆਰੀ ਮੁੰਕਮਤ ਕਰਨੀ ਸੀ ਪਰ ਵੱਡੀ ਲੜਾਈ ਉਹਨਾਂ ਦੇ ਅਨੁਮਾਨ ਤੋਂ ਬਹੁਤ ਪਹਿਲਾਂ ਅਗੱਸਤ 1914 ਵਿਚ ਹੀ ਛਿੜ ਈ। ਇਸ ਵੇਲੇ ਭਾਰਤ ਵਿਚ ਤੇ ਤਿਆਰੀ ਬਿਲਕੁਲ ਨਾ ਹੋਣ ਦੇ ਬਰਾਬਰ ਸੀ, ਨਾ ਤਾਂ ਸਹੀ ਤਰੀਕੇ ਨਾਲ ਹਥਿਆਰ ਇੱਕਠੇ ਕੀਤੇ ਜਾ ਚੁੱਕੇ ਸਨ ਅਤੇ ਨਾ ਹੀ ਵਾਲੰਟੀਅਰਾਂ ਨੂੰ ਗੁਰੀਲਾ ਯੁੱਧ ਦੀ ਸਿਖਲਾਈ ਦਿੱਤੀ ਗਈ ਸੀ। ਹਿੰਦੁਸਤਾਨ ਦੀ ਧਰਤੀ ਉੱਤੇ ਗਦਰੀਆਂ ਦਾ ਕੰਮ ਅਜੇ ਢਿੱਲਾ ਹੀ ਸੀ ਨਾ ਤਾਂ ਕੋਈ ਫੌਜੀਆਂ ਨਾਲ ਤਾਲਮੇਲ ਬਿਠਾਇਆ ਗਿਆ ਸੀ ਤੇ ਨਾਂ ਹੀ ਹਥਿਆਰਾਂ ਨੂੰ ਪਹੁੰਚਾਉਣ ਦਾ ਕੰਮ ਸਹੀ ਤਰੀਕੇ ਨਾਲ ਹੋ ਪਾਇਆ ਸੀ। ਬਹੁ ਸੰਮਤੀ ਨਾਲ ਫੈਂਸਲਾ ਹੋਇਆ ਕਿ ਥਾਣਿਆਂ ਉੱਤੇ ਹਮਲੇ ਕਰਕੇ ਰਾਈਲਾਂ ਕਾਬੂ ਕਰ ਲਈਆਂ ਜਾਣ। ਗਦਰੀ ਬਾਬੇ ਗਰਮ ਦਿਮਾਗ ਦੇ ਹੋਣ ਕਾਰਣ ਆਪਣੀਆਂ ਯੋਜਨਾਵਾਂ ਨੂੰ ਗੱਜ-ਵੱਜ ਕੇ ਗਦਰ ਅਖਬਾਰ ਵਿਚ ਛਾਪ ਦਿੰਦੇ ਸਨ। ਇਨਕਲਾਬੀਆਂ ਨੂੰ ਲਿਆਉਣ ਵਾਲਾ ਪਹਿਲਾ ਜਹਾਜ ਅਜੇ ਵੈਨਕੋਂਵਰ ਤੋਂ ਚਲਿਆ ਨਹੀਂ ਸੀ ਕਿ ਕੈਨੇਡਾ ਸਰਕਾਰ ਨੇ ਅੰਗਰੇਜੀ ਹਕੂਮਤ ਨੂੰ ਭਾਰਤ ਵਿਚ ਖਬਰ ਕਰ ਦਿੱਤੀ ਅਤੇ ਖਬਰਦਾਰ ਕਰ ਦਿੱਤਾ। ਇਸ ਤੋਂ ਬਾਅਦ ਜਦ ਵੀ ਕੋਈ ਜਹਾਜ ਇੱਥੇ ਪਹੁੰਚਦਾ ਤਾਂ ਉਸ ਦੇ ਮੁਸਾਫ਼ਰਾਂ ਦੀ ਪੂਰੀ ਤਰ੍ਹਾਂ ਛਾਣਬੀਣ ਕੀਤੀ ਜਾਂਦੀ।

> *"ਮਹੀਨੀਆਂ ਵਿਚ ਲਗਭਗ 400 ਦੇ ਕਰੀਬ ਇਨਕਲਾਬੀ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ। ਸਰਕਾਰ ਦੀਆਂ ਨਜ਼ਰਾਂ ਤੋਂ ਬਚ ਕੇ ਗਦਰੀਆਂ ਨੇ ਕੁਝ ਮੀਟਿੰਗਾਂ ਕਰਕੇ ਆਪਣੇ ਕੰਮਾਂ ਦੀ ਵਿਉਂਤ ਤੇ ਬਣਾਈ ਪਰ ਅਸਲੇ ਦੀ ਅਣਹੋਂਦ ਕਰਕੇ ਕੋਈ ਠਿੰਗਰ ਕੰਮ ਸ਼ੁਰੂ ਨਾ ਕੀਤਾ ਜਾ ਸਕਿਆ। ਬਨਾਰਸ ਅਤੇ ਨਾਭਾ ਆਦਿ ਰਿਯਾਸਤਾਂ ਵਿਚ ਬੇਸ਼ਕ ਬੰਬ ਬਣਾਉਣ ਦਾ ਕੰਮ ਆਰੰਭ ਕੀਤਾ ਗਿਆ ਪਰ ਕੁਝ ਗੱਦਾਰਾਂ ਨੇ ਸਾਰੇ ਕੰਮ ਚੌੜ-ਚੁੱਪਟ ਕਰ ਦਿੱਤੇ। ਇਹਨਾਂ ਗੱਦਾਰਾਂ ਵਿਚ ਕਿਰਪਾਲ ਸਿੰਘ ਅਤੇ ਨਵਾਬ ਖਾਂ ਦਾ ਨਾਂ ਪ੍ਰਮੁੱਖ ਸੀ।"*[11]

ਗਦਰੀ ਬਾਬਿਆਂ ਦੇ ਮੁੱਕਦਮਿਆਂ ਦੀ ਸੁਣਵਾਈ ਲਈ ਸਪੈਸ਼ਲ ਅਦਾਲਤ ਕਾਇਮ ਕੀਤੀ ਗਈ। ਇਹਨਾਂ ਗ੍ਰਿਫ਼ਤਾਰ ਕੀਤੇ ਗਏ ਗਦਰੀਆਂ ਵਿਚ 99 ਪ੍ਰਤਿਸ਼ਤ ਪੰਜਾਬੀ ਸਨ। ਪ੍ਰੋਫੈਸਰ ਜਗਜੀਤ ਸਿੰਘ ਆਪਣੀ ਪੁਸਤਕ 'ਗਦਰ ਪਾਰਟੀ ਦਾ ਇਤਿਹਾਸ' ਵਿਚ ਲਿਖਦਾ ਹੈ ਕਿ,

> *"ਅਗਰੇਜੀ ਰਾਜ ਵਿਰੋਧੀ ਲਹਿਰਾਂ ਵਿਚ ਗਦਰ ਪਾਰਟੀ ਲਹਿਰ ਦੇ ਹਿੱਸੇ ਫਾਂਸੀਆਂ ਤੇ ਉਮਰ ਕੈਦਾਂ ਦਾ ਸਭ ਤੋਂ ਵੱਧ ਗੱਫਾ ਆਇਆ।"*[12]

ਗਦਰ ਪਾਰਟੀ ਦੇ ਮੈਂਬਰਾਂ ਨੇ ਦੇਸ਼-ਭਗਤੀ ਦੇ ਭਾਵਾਂ ਨਾਲ ਪ੍ਰੇਰਤ ਹੋ ਕੇ ਬਲਵਾਨ ਅੰਗਰੇਜੀ ਸਰਕਾਰ ਨਾਲ ਟੱਕਰ ਲਈ। ਵਿਦੇਸ਼ਾਂ ਵਿਚ ਚੰਗੇ-ਭਲੇ ਕਮਾਈਆਂ ਕਰਦੇ-ਕਰਦੇ ਗੁਲਾਮ ਦੇਸ਼ ਦੇ ਨਾਗਰਿਕ ਅਖਵਾਉਣ ਕਾਰਨ ਜੋ ਉਹਨਾਂ ਦੇ ਜਿਹਨ ਵਿਚ ਸੱਟ ਵੱਜੀ ਆਪਣੇ ਦੇਸ਼ ਦੇ ਝੰਡੇ ਦੀ ਵੱਖਰੀ ਪਛਾਣ ਲਈ ਉਸਨੇ ਗਦਰੀਆਂ ਨੂੰ ਸਿਰ ਤੇ ਕਫ਼ਨ ਬੰਨ ਕੇ ਇਸ ਲਹਿਰ ਵਿਚ ਕੁੱਦ ਪੈਣ ਲਈ ਪ੍ਰੇਰਿਤ ਕੀਤਾ।

> *"145 ਗਦਰੀਆਂ ਨੂੰ ਫਾਂਸੀ ਦੀ ਸਜਾ ਸੁਣਾਈ ਗਈ, 306 ਨੂੰ ਉਮਰ ਭਰ ਕਾਲੇ ਪਾਣੀ ਭੇਜ ਦਿੱਤਾ ਗਿਆ। ਅੰਗਰੇਜੀ ਹਕੂਮਤ ਤੋਂ ਇਹਨਾਂ ਗਦਰੀਆਂ ਨੇ ਕਿਸੇ ਵੀ ਤਰ੍ਹਾਂ ਦੇ ਰਹਿਮ ਦੀ ਗੁਹਾਰ ਨਾ ਲਗਾਈ ਅਤੇ ਖੁਸ਼ੀ-ਖੁਸ਼ੀ ਮੌਤ ਨੂੰ ਗੱਲ ਨਾਲ ਲਾ ਲਿਆ।"*[13]

ਇਉਂ ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਅਸਫਲ ਰਹਿਣ ਦੇ ਬਾਵਜੂਦ ਇਸ ਲਹਿਰ ਨੇ ਹਿੰਦੁਸਤਾਨ ਦੇ ਸੁਤੰਤਰਤਾ-ਸੰਗਰਾਮ ਵਿਚ ਚੋਖਾ ਹਿੱਸਾ ਪਾਇਆ। ਇਥੇ ਇਹ ਕਹਿਣਾ ਵੀ ਮੁਨਾਸਫ਼ ਹੈ ਕਿ ਭਾਰਤ ਦੀ ਸੁਤੰਤਰਤਾ ਲਈ ਆਜ਼ਾਦ ਹਿੰਦ ਫੌਜ ਦੀ ਸਥਾਪਨਾ ਕੋਈ ਨਵਾਂ ਵਿਚਾਰ ਨਹੀਂ ਸੀ ਸਗੋਂ ਇਹ ਉਹਨਾਂ ਭਾਰਤੀ ਗਦਰੀਆਂ ਤੋਂ ਲਿਆ ਗਿਆ ਸੀ ਜਿਹਨਾਂ ਨੇ ਭਾਰਤ ਦੀ ਆਜ਼ਾਦੀ ਲਈ ਪਹਿਲੇ ਵਿਸ਼ਵ ਯੁੱਧ ਦੇ ਸਮੇਂ ਅੰਗਰੇਜੀ ਹਕੂਮਤ ਨੂੰ ਹਿਲਾ ਕੇ ਰੱਖ ਦਿੱਤਾ ਸੀ।

## ***ਹਵਾਲੇ ਅਤੇ ਟਿੱਪਣੀਆਂ***


1. *ਪੁਰੀ, ਹਰੀਸ਼ ਕੇ. (2011) The Gadar Movement: A Short History, New Delhi: National Book Trust, India, ਪੰਨਾ: 31*
2. *ਗਿਆਨੀ, ਲਾਲ ਸਿੰਘ. (1971) ਪੰਜਾਬ ਦੀ ਵੀਰ ਪਰੰਪਰਾ, ਵਿਉਂਤ ਵਿਕਾਸ ਵਿਭਾਗ , ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 196*

3. ਸਿੰਘ, ਜਗਜੀਤ. (1956, 1979), ਗਦਰ ਪਾਰਟੀ ਲਹਿਰ, ਨਵਯੁਗ ਪ੍ਰਕਾਸ਼ਨ, ਚਾਂਦਨੀ ਚੌਂਕ , ਦਿੱਲੀ, ਪੰਨਾ: 101
4. ਉਹੀ, ਪੰਨਾ: 57
5. ਉਹੀ, ਪੰਨਾ: 57
6. ਪੁਰੀ, ਹਰੀਸ਼ ਕੇ. (2011) The Gadar Movement: A Short History, New Delhi: National Book Trust, India, ਪੰਨਾ: 147
7. ਸਿੰਘ, ਜਗਜੀਤ. (1956 ਤੇ 1979) ਗਦਰ ਪਾਰਟੀ ਲਹਿਰ, ਨਵਯੁਗ ਪ੍ਰਕਾਸ਼ਨ, ਚਾਂਦਨੀ ਚੌਂਕ , ਦਿੱਲੀ, ਪੰਨਾ: 63
8. ਉਹੀ, ਪੰਨਾ: 63
9. ਪੁਰੀ, ਹਰੀਸ਼ ਕੇ. (2011) The Gadar Movement: A Short History, New Delhi: National Book Trust, India, ਪੰਨਾ: 185
10. ਗਿਆਨੀ, ਲਾਲ ਸਿੰਘ (1971) ਪੰਜਾਬ ਦੀ ਵੀਰ ਪਰੰਪਰਾ, ਵਿਉਂਤ ਵਿਰਸਾ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ: 197
11. ਉਹੀ, ਪੰਨਾ: 199
12. ਉਹੀ, ਪੰਨਾ: 203
13. ਉਹੀ, ਪੰਨਾ: 203



## *Cite this Article-*

*ਡਾ. ਗੁਰਜਿੰਦਰ ਕੌਰ (Dr. Gurjinder Kaur), ਗਦਰ ਪਾਰਟੀ ਦਾ ਇਤਿਹਾਸਕ ਸਫ਼ਰ, ਸਥਾਪਨਾ ਤੇ ਸੰਘਰਸ਼ (Gadar Party da Itihasak Safar, Sathapna ate Sangarsh), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 116-120.*

*Journal URL:* www.armaan.org.in

*DOI:* https://doi.org/10.64119/armaan.vol.4.issue3.22



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/